NHS
Leicestershire Partnership
NHS Trust
A university teaching and research-active Trust
Bridge Park Plaza
Bridge Park Road
Thurmaston
Leicester
LE4 8PQ
www.leicspart.nhs.uk

ਟੈਲੀਫੋਨ: 0300 3000 007
ਈਮੇਲ: communityimmunisations.service@nhs.net

ਸਤੰਬਰ 2022

ਪਿਆਰੇ ਮਾਤਾ/ਪਿਤਾ/ਦੇਖਭਾਲਕਰਤਾ ਅਤੇ ਕਿਸ਼ੋਰ,

**ਸਲਾਨਾ ਮੌਸਮੀ ਫਲੂ ਦਾ ਟੀਕਾਕਰਨ**

ਰਿਸੈਪਸ਼ਨ ਤੋਂ ਲੈ ਕੇ ਸਾਲ 9 ਤੱਕ ਦੇ ਸਾਰੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੇ ਹਿੱਸੇ ਵਜੋਂ, ਲੈਸਟਰਸ਼ਾਇਰ ਪਾਰਟਨਰਸ਼ਿਪ NHS ਟਰੱਸਟ ਦੀ ਕਮਿਊਨਿਟੀ ਇਮਿਊਨਾਈਜ਼ੇਸ਼ਨ ਸਰਵਿਸ ਦੁਆਰਾ ਸਕੂਲ ਵਿੱਚ ਫਲੂ ਟੀਕਾਕਰਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

ਫਲੂ ਇੱਕ ਨਾਗਵਾਰ ਬਿਮਾਰੀ ਹੋ ਸਕਦੀ ਹੈ ਅਤੇ ਕੁਝ ਲੋਕਾਂ ਨੂੰ ਗੰਭੀਰ ਰੂਪ ਵਿੱਚ ਬਿਮਾਰ ਕਰ ਸਕਦੀ ਹੈ। ਫਲੂ ਦਾ ਟੀਕਾਕਰਨ ਮੌਸਮੀ ਫਲੂ (ਇਨਫਲੂਏਂਜ਼ਾ) ਤੋਂ ਬਚਾਉਂਦਾ ਹੈ ਅਤੇ ਫਲੂ ਦੇ ਫੈਲਣ ਨੂੰ ਰੋਕਣ ਵਿੱਚ ਵੀ ਮਦਦ ਕਰੇਗਾ, ਜਿਸ ਨਾਲ ਉਹਨਾਂ ਲੋਕਾਂ ਦੀ ਰੱਖਿਆ ਕਰਨ ਵਿੱਚ ਮਦਦ ਮਿਲੇਗੀ ਜੋ ਕਮਜ਼ੋਰ ਹਨ।

ਵੈਕਸੀਨ ਨੂੰ ਨੱਕ ਰਾਹੀਂ ਸਪਰੇਅ ਜਾਂ ਜੈਲੇਟਿਨ-ਮੁਕਤ ਟੀਕੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਵੈਕਸੀਨ ਬਾਰੇ ਹੋਰ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ: tiny.cc/fluvaccination ਜਾਂ ਸਾਡਾ ਐਨੀਮੇਸ਼ਨ ਦੇਖੋ: www.healthforkids.co.uk/staying-healthy/stopping-flu

**ਅਸੀਂ ਤੁਹਾਡੇ ਬੱਚੇ ਨੂੰ ਫਲੂ ਦਾ ਟੀਕਾਕਰਨ ਤਾਂ ਹੀ ਦੇਵਾਂਗੇ ਜੇਕਰ ਤੁਸੀਂ ਸਹਿਮਤੀ ਦਿੰਦੇ ਹੋ।** ਕਿਰਪਾ ਕਰਕੇ ਹੇਠਾਂ ਦਿੱਤੀਆਂ ਹਿਦਾਇਤਾਂ ਦੀ ਵਰਤੋਂ ਕਰਦੇ ਹੋਏ, ਜਿੰਨੀ ਜਲਦੀ ਹੋ ਸਕੇ ਇਹ ਕਰੋ। ਤੁਹਾਨੂੰ ਆਪਣਾ ਫੈਸਲਾ ਸਿਰਫ ਇੱਕ ਵਾਰ ਦਰਜ ਕਰਨ ਦੀ ਲੋੜ ਹੈ।

**ਆਪਣੇ ਬੱਚੇ ਨੂੰ ਫਲੂ ਦਾ ਟੀਕਾਕਰਨ ਕਰਵਾਉਣ ਲਈ ਸਹਿਮਤੀ ਕਿਵੇਂ ਦੇਣੀ ਹੈ**

- ਆਪਣੇ ਸਕੂਲ ਲਈ ਕੋਡ ਨੂੰ ਨੋਟ ਕਰੋ। **Beaumont Lodge Primary School** ਲਈ ਸਕੂਲ ਕੋਡ **LE120087** ਹੈ
- ਇਸ ਵੈੱਬਸਾਈਟ 'ਤੇ ਜਾ ਕੇ ਔਨਲਾਈਨ ਸਹਿਮਤੀ ਫਾਰਮ ਭਰੋ: **www.leicsandrutlandimms.co.uk** ਜਾਂ ਸਿੱਧਾ ਵੈੱਬਸਾਈਟ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਦੇ ਹੋਏ QR ਕੋਡ ਨੂੰ ਸਕੈਨ ਕਰੋ।
- **Seasonal Flu** ਚੁਣੋ ਅਤੇ ਸਕੂਲ ਕੋਡ ਦਾਖਲ ਕਰੋ।
- ਸਹਿਮਤੀ ਘੋਸ਼ਣਾ ਪੰਨੇ 'ਤੇ ਤੁਸੀਂ ਨੱਕ ਰਾਹੀਂ ਫਲੂ ਵੈਕਸੀਨ ਜਾਂ ਜੈਲੇਟਿਨ-ਮੁਕਤ ਟੀਕੇ ਵਾਲੀ ਫਲੂ ਵੈਕਸੀਨ ਲਈ ਸਹਿਮਤੀ ਦੇ ਸਕਦੇ ਹੋ।
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

ਜੇਕਰ ਤੁਹਾਨੂੰ ਔਨਲਾਈਨ ਫਾਰਮ ਭਰਨ ਵਿੱਚ ਕੋਈ ਸਮੱਸਿਆ ਆਉਂਦੀ ਹੈ, ਤਾਂ ਕਿਰਪਾ ਕਰਕੇ ਸਾਨੂੰ ਇਸ ਨੰਬਰ 'ਤੇ ਕਾਲ ਕਰੋ: **0300 300 0007** ਜਾਂ **communityimmunisations.service@nhs.net** 'ਤੇ ਈ-ਮੇਲ ਕਰੋ ਜੇਕਰ ਤੁਸੀਂ

ਆਪਣੀ ਸਹਿਮਤੀ ਦੇ ਫੈਸਲੇ ਬਾਰੇ ਆਪਣਾ ਮਨ ਬਦਲਦੇ ਹੋ ਤਾਂ ਕਿਰਪਾ ਕਰਕੇ ਇਸਨੂੰ ਬਦਲਣ ਲਈ ਉੱਪਰ ਦਿੱਤੇ ਨੰਬਰ 'ਤੇ ਸਾਨੂੰ ਕਾਲ ਕਰੋ।

ਤੁਹਾਡਾ ਸਕੂਲ ਤੁਹਾਨੂੰ ਦੱਸੇਗਾ ਕਿ ਟੀਕਾਕਰਨ ਸੈਸ਼ਨ ਕਦੋਂ ਹੋਵੇਗਾ। ਸਹਿਮਤੀ ਪ੍ਰਣਾਲੀ ਸੈਸ਼ਨ ਤੋਂ ਇੱਕ ਕੰਮਕਾਜੀ ਦਿਨ ਪਹਿਲਾਂ ਬੰਦ ਹੋ ਜਾਵੇਗੀ। ਤੁਸੀਂ ਉਸ ਦਿਨ ਸਹਿਮਤੀ ਫਾਰਮ ਜਮ੍ਹਾਂ ਨਹੀਂ ਕਰ ਸਕੋਗੇ।

| | |
|---|---|
| ਮੇਰੇ ਬੱਚੇ ਨੂੰ ਫਲੂ ਦੀ ਕਿਹੜੀ ਵੈਕਸੀਨ ਪੇਸ਼ ਕੀਤੀ ਜਾ ਰਹੀ ਹੈ? | ਨੱਕ ਰਾਹੀਂ ਫਲੂ ਦੀ ਵੈਕਸੀਨ ਨੱਕ ਵਿੱਚ ਤੇਜ਼ ਅਤੇ ਦਰਦ ਰਹਿਤ ਸਪਰੇਅ ਵਜੋਂ ਪੇਸ਼ ਕੀਤੀ ਜਾਂਦੀ ਹੈ। ਇਹ ਜੈਲੇਟਾਈਨ-ਮੁਕਤ ਟੀਕੇ ਦੇ ਤੌਰ 'ਤੇ ਵੀ ਪੇਸ਼ ਕੀਤੀ ਜਾਂਦੀ ਹੈ, ਕਿਉਂਕਿ ਕੁਝ ਬੱਚੇ ਡਾਕਟਰੀ ਕਾਰਨਾਂ ਕਰਕੇ ਜਾਂ ਨਿੱਜੀ ਪਸੰਦ ਦੇ ਕਾਰਨ, ਕਿਉਂਕਿ ਇਹ ਜੈਲੇਟਾਈਨ-ਮੁਕਤ ਹੈ, ਇਹ ਨਹੀਂ ਲੈ ਸਕਦੇ ਹਨ। ਇਹ ਜਾਣਨਾ ਮਹੱਤਵਪੂਰਨ ਹੈ ਕਿ ਟੀਕਾ ਨੱਕ ਵਾਲੀ ਫਲੂ ਵੈਕਸੀਨ ਨਾਲੋਂ ਘੱਟ ਪ੍ਰਭਾਵਸ਼ਾਲੀ ਹੈ। |
| ਮੇਰੇ ਬੱਚੇ ਦੀ ਸਿਹਤ ਸੰਬੰਧੀ ਸਮੱਸਿਆ ਹੈ ਅਤੇ ਆਮ ਤੌਰ 'ਤੇ ਜੀਪੀ ਤੋਂ ਵੈਕਸੀਨ ਲੈਂਦਾ ਹੈ। | ਉਹ ਸਕੂਲ ਵਿੱਚ ਵੀ ਵੈਕਸੀਨ ਲੈ ਸਕਦੇ ਹਨ। |
| ਮੇਰਾ ਬੱਚਾ ਡਾਕਟਰੀ ਕਾਰਨਾਂ ਕਰਕੇ ਨੱਕ ਵਿੱਚ ਫਲੂ ਵੈਕਸੀਨ ਨਹੀਂ ਲੈ ਸਕਦਾ ਹੈ। | ਸਾਡੀ ਟੀਮ ਜਮ੍ਹਾ ਕਰਵਾਈ ਗਈ ਡਾਕਟਰੀ ਜਾਣਕਾਰੀ ਦੀ ਸਮੀਖਿਆ ਕਰੇਗੀ ਅਤੇ ਉਹਨਾਂ ਦੀ ਯੋਗਤਾ ਬਾਰੇ ਚਰਚਾ ਕਰੇਗੀ ਅਤੇ ਜੇ ਲੋੜ ਹੋਵੇ ਤਾਂ ਟੀਕੇ ਵਾਲੀ ਫਲੂ ਵੈਕਸੀਨ ਦੀ ਪੇਸ਼ਕਸ਼ ਕਰੇਗੀ। |
| ਮੈਂ ਵੈਕਸੀਨ ਉਤਪਾਦ ਬਾਰੇ ਪਰਚਾ ਕਿੱਥੇ ਪੜ੍ਹ ਸਕਦਾ/ਸਕਦੀ ਹਾਂ? | ਨੱਕ ਵਾਲੀ ਫਲੂ ਵੈਕਸੀਨ ਲਈ, ਇਸ ਵੈੱਬਸਾਈਟ 'ਤੇ ਜਾਓ: www.medicines.org.uk/emc/files/pil.3296.pdf<br>ਟੀਕੇ ਵਾਲੀ ਫਲੂ ਵੈਕਸੀਨ ਲਈ, ਇਸ ਵੈੱਬਸਾਈਟ 'ਤੇ ਜਾਓ: www.medicines.org.uk/emc/files/pil.12882.pdf |
| ਇਹ ਕਹਿੰਦਾ ਹੈ ਕਿ ਈਮੇਲ ਪਤੇ ਮੇਲ ਨਹੀਂ ਖਾਂਦੇ ਜਾਂ ਇਹ ਸਕੂਲ ਕੋਡ ਨੂੰ ਨਹੀਂ ਪਛਾਣਦਾ। | ਯਕੀਨੀ ਬਣਾਓ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੋਈ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਹੀਂ ਹਨ। |
| ਜੇ ਮੇਰਾ ਬੱਚਾ ਸੈਸ਼ਨ ਵਾਲੇ ਦਿਨ ਗੈਰਹਾਜ਼ਰ ਜਾਂ ਬਿਮਾਰ ਹੋਵੇ ਤਾਂ ਕੀ ਹੋਵੇਗਾ? | ਵੈਕਸੀਨ ਦੇਣ ਲਈ ਇੱਕ ਵਾਧੂ ਮੌਕਾ ਉਪਲਬਧ ਕਰਵਾਇਆ ਜਾਵੇਗਾ ਅਤੇ ਵੇਰਵੇ ਈਮੇਲ ਰਾਹੀਂ ਭੇਜੇ ਜਾਣਗੇ। |
| ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਕੀ ਹੈ? | ਹੋਰ ਜਾਣਕਾਰੀ ਲਈ www.nhs.uk/conditions/vaccinations 'ਤੇ ਜਾਓ। |

ਤਹਿ ਦਿਲੋਂ,

ਕਮਿਊਨਿਟੀ ਟੀਕਾਕਰਨ ਸੇਵਾ

**ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਇਸ ਵੈੱਬਸਾਈਟ 'ਤੇ ਜਾਓ:**
**www.leicspart.nhs.uk/communityimms**

| | |
|---|---|
| ਅਰਬੀ | ذا كنت ترغب في قراءة هذه الرسالة بلغة أخرى، قم بزيارة موقعنا على الإنترنت |

| | |
|---|---|
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |

**ਜੇਕਰ ਤੁਸੀਂ ਫਲੂ ਦੀ ਵੈਕਸੀਨ ਦੇਣ ਬਾਰੇ ਪਰਚਾ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ: www.gov.uk/government/publications/flu-vaccination-leaflets-and-posters**

ਉਪਲਬਧ ਭਾਸ਼ਾਵਾਂ ਵਿੱਚ ਸ਼ਾਮਲ ਹਨ: ਅੰਗਰੇਜ਼ੀ, ਅਲਬਾਨੀਆਈ, ਅਰਬੀ, ਬੰਗਾਲੀ, ਬੁਲਗਾਰੀਆਈ, ਚੀਨੀ (ਸਰਲ), ਚੀਨੀ (ਰਵਾਇਤੀ, ਕੈਂਟੋਨੀਜ਼), ਇਸਟੋਨਿਆਈ, ਫਾਰਸੀ, ਫ੍ਰੈਂਚ, ਯੂਨਾਨੀ, ਗੁਜਰਾਤੀ, ਹਿੰਦੀ, ਲਾਤਵਿਆਈ, ਲਿਥੁਆਨਿਆਈ, ਪੰਜਾਬੀ, ਪਸ਼ਤੋ, ਪੋਲਿਸ਼, ਪੁਰਤਗਾਲੀ, ਰੋਮਾਨਿਆਈ, ਰੋਮਾਨੀ, ਰੂਸੀ, ਸੋਮਾਲੀ, ਸਪੈਨਿਸ਼, ਤਾਗਾਲੋਗ, ਤੁਰਕੀ, ਟਵੀ, ਯੂਕ੍ਰੇਨਿਆਈ, ਉਰਦੂ ਅਤੇ ਯਿੱਦੀ।

ਇਹ ਵੈੱਬਸਾਈਟ 'ਤੇ ਬ੍ਰਿਟਿਸ਼ ਸਾਈਨ ਲੈਂਗਵੇਜ਼ (BSL) ਵਿੱਚ ਵੀਡੀਓ ਦੇ ਰੂਪ ਵਿੱਚ ਅਤੇ ਸਿਰਫ ਆਡੀਓ ਵਾਲੇ ਸੰਸਕਰਣ ਵਿੱਚ ਵੀ ਉਪਲਬਧ ਹੈ।



2022-2-A-v1.0